**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**

**ਸਮੱਗਰ ਸਿੱਖਿਆ ਅਭਿਆਨ (ਪੰਜਾਬ)**

**ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062**

**(ਵੈਬ-ਸਾਇਟ ਰਾਹੀਂ)**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**

**ਪੰਜਾਬ ।**

ਮੀਮੋ ਨੰ: 2025 / ਐਨ.ਐਸ.ਕਿਉ.ਐਫ (67584)327707 ਮਿਤੀ: 07/11/2025

**ਵਿਸ਼ਾ:- ਸਾਲ 2025-26 ਦੌਰਾਨ ਸਰਕਾਰੀ PM Shri ਸਕੂਲਾਂ ਵਿੱਚ NSQF ਅਧੀਨ ਭੇਜੀਆਂ ਗਈਆਂ ਵੱਖ-ਵੱਖ ਗ੍ਰਾਂਟਾਂ ਸਬੰਧੀ ਹਦਾਇਤਾਂ ।**

**ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।**

1.0 ਸਾਲ 2025-26 ਦੌਰਾਨ ਸਰਕਾਰੀ PM Shri ਸਕੂਲਾਂ ਵਿੱਚ ਹੇਠ ਦਰਸਾਏ ਅਨੁਸਾਰ NSQF ਅਧੀਨ ਵੱਖ-ਵੱਖ ਗ੍ਰਾਂਟਾਂ ਭੇਜੀਆਂ ਗਈਆਂ ਹਨ :-

**Table-1**

| | | | Amount in Lakhs | | | | |
|---|---|---|---|---|---|---|---|
| S No | District | No. of Labs | Raw Material Grant | Office Expense @ Rs 10000/- per Lab | Industry Visit @ Rs 15000/- per Lab (for 3rd Visit) | Guest Lecture @ Rs 500/- per Class ( July-Oct'25) | Guest Lecture @ Rs 500/- per Class ( Nov-Feb'26) |
| 1 | AMRITSAR | 38 | 8.6 | 3.8 | 5.7 | 3.04 | 3.04 |
| 2 | BARNALA | 18 | 3.7 | 1.8 | 2.7 | 1.44 | 1.44 |
| 3 | BATHINDA | 33 | 6.9 | 3.3 | 4.95 | 2.64 | 2.64 |
| 4 | FARIDKOT | 6 | 1.8 | 0.6 | 0.9 | 0.48 | 0.48 |
| 5 | FATEHGARH SAHIB | 8 | 1.7 | 0.8 | 1.2 | 0.64 | 0.64 |
| 6 | FAZILKA | 17 | 4.4 | 1.7 | 2.55 | 1.36 | 1.36 |
| 7 | FEROZEPUR | 28 | 6 | 2.8 | 4.2 | 2.24 | 2.24 |
| 8 | GURDASPUR | 39 | 7.1 | 3.9 | 5.85 | 3.12 | 3.12 |
| 9 | HOSHIARPUR | 28 | 5.5 | 2.8 | 4.2 | 2.24 | 2.24 |
| 10 | JALANDHAR | 24 | 5.9 | 2.4 | 3.6 | 1.92 | 1.92 |
| 11 | KAPURTHALA | 6 | 2.1 | 0.6 | 0.9 | 0.48 | 0.48 |
| 12 | LUDHIANA | 28 | 6.4 | 2.8 | 4.2 | 2.24 | 2.24 |
| 13 | Malerkotla | 7 | 1.2 | 0.7 | 1.05 | 0.56 | 0.56 |
| 14 | MANSA | 22 | 4.5 | 2.2 | 3.3 | 1.76 | 1.76 |
| 15 | MOGA | 22 | 4.8 | 2.2 | 3.3 | 1.76 | 1.76 |
| 16 | MUKTSAR | 14 | 3.5 | 1.4 | 2.1 | 1.12 | 1.12 |
| 17 | PATHANKOT | 24 | 4.2 | 2.4 | 3.6 | 1.92 | 1.92 |
| 18 | PATIALA | 49 | 9.4 | 4.9 | 7.35 | 3.84 | 3.84 |
| 19 | ROOPNAGAR | 13 | 2.2 | 1.3 | 1.95 | 1.04 | 1.04 |
| 20 | S.B.S. NAGAR | 10 | 2.2 | 1 | 1.5 | 0.8 | 0.8 |
| 21 | SANGRUR | 24 | 3.6 | 2.4 | 3.6 | 1.92 | 1.92 |
| 22 | SAS NAGAR | 17 | 3.4 | 1.7 | 2.55 | 1.36 | 1.36 |

ਪਰਤੋ ਜੀ..

| | | | | | | | |
|---|---|---|---|---|---|---|---|
| 23 | TARN TARAN | 19 | 4.4 | 1.9 | 2.85 | 1.52 | 1.52 |
| | **TOTAL** | **494** | **103.5** | **49.4** | **74.1** | **39.44** | **39.44** |

## 2.0 Raw Material ਦੀ ਗ੍ਰਾਂਟ ਖਰਚ ਕਰਨ ਸਬੰਧੀ ਹਦਾਇਤਾਂ:

- ਵਿਦਿਆਰਥੀਆਂ ਨੂੰ ਸਬੰਧਤ ਟ੍ਰੇਡ ਦਾ ਕੰਮ practical ਤੌਰ ਤੇ ਸਿਖਾਉਣ ਲਈ raw material (ਖਪਤਯੋਗ ਵਸਤੂਆਂ) ਖਰੀਦਣ ਲਈ ਮੁੱਖ ਦਫਤਰ ਵੱਲੋਂ ਗ੍ਰਾਂਟ ਭੇਜੀ ਗਈ ਹੈ। ਇਹ ਗ੍ਰਾਂਟ ਸਾਰੀਆਂ ਟ੍ਰੇਡਾਂ ਲਈ ਹੇਠ ਦਰਸਾਏ **ਟੇਬਲ-2** ਅਨੁਸਾਰ ਪ੍ਰਤੀ ਲੈਬ ਦੇ ਹਿਸਾਬ ਨਾਲ trade-wise ਭੇਜੀ ਗਈ ਹੈ। ਇਸ ਗ੍ਰਾਂਟ ਨਾਲ ਸਮੂਹ 9ਵੀਂ ਤੋਂ 12ਵੀਂ ਜਮਾਤ ਦੇ NSQF ਵਿਦਿਆਰਥੀਆਂ ਨੂੰ practical ਤੌਰ ਤੇ ਕੰਮ ਸਿਖਾਉਣ ਲਈ ਲੋੜੀਂਦਾ raw material ਖਰੀਦਣ ਲਈ ਵਰਤਿਆ ਜਾਵੇ।
- ਇਸ ਮੱਦ ਅਧੀਨ ਲੋੜ ਅਨੁਸਾਰ raw material (for providing practical training to students and for practice) ਖਰੀਦਿਆ ਜਾ ਸਕਦਾ ਹੈ। ਇਸ ਵਿੱਚ ਖਪਤਯੋਗ ਵਸਤੂਆਂ ਖਰੀਦੀਆਂ ਜਾ ਸਕਦੀਆਂ ਹਨ। ਇਸ ਰਾਸ਼ੀ ਨਾਲ ਟ੍ਰੇਡ ਅਨੁਸਾਰ ਪ੍ਰਯੋਗਸ਼ਾਲਾ (Lab) ਦੇ ਉਪਕਰਨਾਂ ਦੀ ਮੁਰੰਮਤ, ਰੱਖ-ਰਖਾ ਅਤੇ ਪ੍ਰੈਕਟੀਕਲ ਲਈ ਲੋੜੀਂਦੇ ਉਪਕਰਨ ਲਏ ਜਾ ਸਕਦੇ ਹਨ।
- ਸਮਾਨ ਖਰੀਦਣ ਉਪਰੰਤ ਖਰਚੇ ਦਾ ਵਾਊਚਰ ਸਕੂਲਾਂ ਵਿੱਚ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵਗੀ ।
- ਸਟਾਕ ਰਜਿਸਟਰ ਵਿੱਚ ਸਾਰੇ ਸਮਾਨ ਦੇ ਰਿਕਾਰਡ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੀਤੇ ਗਏ ਖਰਚੇ ਦਾ ਪੂਰਾ ਰਿਕਾਰਡ ਮੇਨਟੇਨ ਕੀਤਾ ਜਾਵੇ।

**Table-2**

| S no | Trade | Raw Material Grant (In Lakhs) |
|---|---|---|
| 1 | Agriculture | 20,000 |
| 2 | Apparels, Made ups and Home Furnishing | 40,000 |
| 3 | Automotive | 20,000 |
| 4 | Beauty & Wellness | 40,000 |
| 5 | BFSI (Banking, Financial Services, and Insurance) | 10,000 |
| 6 | Construction | 20,000 |
| 7 | Electronics | 10,000 |
| 8 | Food Processing | 40,000 |
| 9 | Healthcare | 20,000 |
| 10 | IT/Ites | 10,000 |
| 11 | Logistics | 20,000 |
| 12 | Management & Entrepreneurship and Professional skills | 10,000 |
| 13 | Media and Entertainment | 10,000 |
| 14 | Physical Education | 10,000 |
| 15 | Plumbing | 10,000 |
| 16 | Power | 10,000 |
| 17 | Private Security | 10,000 |
| 18 | Retail | 10,000 |
| 19 | Telecom | 10,000 |
| 20 | Tourism & Hospitality | 10,000 |

ਪਰਤੋ ਜੀ...

## 3.0 Office expense ਦੀ ਗ੍ਰਾਂਟ ਖਰਚ ਕਰਨ ਸਬੰਧੀ ਹਦਾਇਤਾ:-

- **PM Shri** ਅਧੀਨ **494** ਵੋਕੇਸ਼ਨਲ ਲੈਬਜ਼ ਵਿੱਚ NSQF ਤਹਿਤ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਇਹਨਾਂ ਲੈਬਾਂ ਵਿੱਚ ਵੱਖ ਵੱਖ ਟ੍ਰੇਡਾਂ ਵਿੱਚ enrolled 9ਵੀਂ ਤੋਂ 12ਵੀਂ ਜ਼ਮਾਤ ਦੇ ਸਾਰੇ ਵਿਦਿਆਰਥੀਆਂ ਨੂੰ NSQF ਦੀਆਂ ਟ੍ਰੇਡਾਂ ਸਬੰਧੀ ਸਲੇਬਸ ਅਨੁਸਾਰ Notes ਅਤੇ course materials ਮੁਹਈਆ ਕਰਵਾਉਣ ਲਈ ਪ੍ਰਿੰਟਆਊਟ ਲੈਣ, ਸਟੇਸ਼ਨਰੀ ਖਰੀਦਣ, ਪ੍ਰਿੰਟਰ ਲਈ ਟੋਨਰ ਅਤੇ ਲੈਬ ਨਾਲ ਸਬੰਧਤ ਹੋਰ ਦਫਤਰੀ ਖਰਚਿਆਂ ਲਈ ਮੁੱਖ ਦਫਤਰ ਵੱਲੋਂ ਇਸ ਪੱਤਰ ਵਿੱਚ ਦਿੱਤੇ **ਟੇਬਲ 1** ਅਨੁਸਾਰ ਰੁ: 10,000/- ਪ੍ਰਤੀ ਲੈਬ ਦੇ ਹਿਸਾਬ ਨਾਲ ਜ਼ਿਲਿਆਂ ਨੂੰ ਰਾਸ਼ੀ ਜਾਰੀ ਕੀਤੀ ਗਈ ਹੈ।
- ਸਟਾਕ ਰਜਿਸਟਰ ਵਿੱਚ ਸਾਰੇ ਸਮਾਨ ਦੇ ਰਿਕਾਰਡ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੀਤੇ ਗਏ ਖਰਚੇ ਦਾ ਪੂਰਾ ਰਿਕਾਰਡ ਮੇਨਟੇਨ ਕੀਤਾ ਜਾਵੇ।

## 4.0 Industry Visits ਕਰਵਾਉਣ ਲਈ ਖਰਚੇ ਸਬੰਧੀ ਹਦਾਇਤਾਂ :-

- Industry Visits ਸਬੰਧੀ ਗ੍ਰਾਂਟ ਰੁ:15,000 ਪ੍ਰਤੀ ਲੈਬ ਦੇ ਹਿਸਾਬ ਨਾਲ ਇਸ ਪੱਤਰ ਵਿੱਚ ਦਿੱਤੇ **ਟੇਬਲ-1** ਅਨੁਸਾਰ ਜ਼ਿਲ੍ਹਿਆਂ ਨੂੰ ਜਾਰੀ ਕੀਤੀ ਗਈ ਹੈ।
- Industry Visits ਕਰਵਾਉਣ ਲਈ ਵੋਕੇਸ਼ਨਲ ਟ੍ਰੇਨਰ ਵਲੋਂ VTP ਨਾਲ ਰਾਬਤਾ ਕਾਇਮ ਕੀਤਾ ਜਾਵੇ ਅਤੇ ਪ੍ਰਿੰਸੀਪਲ ਤੋਂ ਅਗਵਾਈ ਲੈਣ ਉਪਰੰਤ ਵਿਜ਼ਿਟ ਪਲਾਨ ਕੀਤੀ ਜਾਵੇ।
- ਸਕੂਲ ਟਾਈਮ ਦਾ ਧਿਆਨ ਰੱਖਦੇ ਹੋਏ Business/Industry ਦੇ peak hours ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਵਿਜ਼ਟ ਕਰਵਾਈ ਜਾਵੇ।
- ਵਿਦਿਆਰਥੀਆਂ ਨੂੰ ਉਹਨਾਂ ਦੇ ਟਰੇਡ ਅਤੇ ਕੋਰਸ ਸਬੰਧੀ ਹੀ ਵਿਜ਼ਟ ਕਰਵਾਈ ਜਾਵੇ ਅਤੇ ਵਿਜ਼ਟ ਤੋ ਬਾਅਦ ਵਿਦਿਆਰਥੀਆਂ ਦਾ ਟੈਸਟ ਜਾਂ ਫੀਡਬੈਕ ਲਿਆ ਜਾਵੇ ਕਿ ਉਹਨਾਂ ਨੂੰ ਉਸ ਵਿਜ਼ਿਟ ਤੋਂ ਕੀ ਸਿੱਖਣ ਨੂੰ ਮਿਲਿਆ। ਅਤੇ ਉਹਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਅਗਲੀ visit ਪਲਾਨ ਕੀਤੀ ਜਾਵੇ।
- ਵਿਜ਼ਿਟ ਦੌਰਾਨ ਵੋਕੇਸ਼ਨਲ ਟ੍ਰੇਨਰ ਵਿਦਿਆਰਥੀਆਂ ਦੇ ਨਾਲ ਜਾਣਗੇ, ਜੇਕਰ ਵੋਕੇਸ਼ਨਲ ਟ੍ਰੇਨਰ ਅਤੇ ਕੁਆਰਡੀਨੇਟਰ ਦੋਵੇਂ ਹੀ ਨਰ (Male) ਹੋਣ ਅਤੇ ਵਿਦਿਆਰਥਣਾਂ ਵੀ ਹੋਣ ਤਾਂ ਵੋਕੇਸ਼ਨਲ ਟ੍ਰੇਨਰ ਦੇ ਨਾਲ ਸਕੂਲ ਦੀ ਕਿਸੇ ਮਹਿਲਾ ਅਧਿਆਪਕ ਨੂੰ ਵੀ ਨਾਲ ਭੇਜਿਆ ਜਾਵੇ।
- ਵਿਜ਼ਿਟ ਸਬੰਧੀ ਵਿਦਿਆਰਥੀਆਂ ਨੂੰ ਇਕ ਹਫਤਾ ਪਹਿਲਾਂ ਹੀ ਦੱਸ ਦਿੱਤਾ ਜਾਵੇ ਅਤੇ ਇਸ ਬਾਰੇ ਉਹਨਾਂ ਦੇ ਮਾਤਾ-ਪਿਤਾ ਤੋਂ ਲਿਖਤੀ ਰੂਪ ਵਿੱਚ ਸਹਿਮਤੀ ਵੀ ਲੈ ਲਈ ਜਾਵੇ।
- ਵਿਦਿਆਰਥੀਆਂ ਦੀ security & discipline ਸਬੰਧੀ ਵੋਕੇਸ਼ਨਲ ਟ੍ਰੇਨਰ ਅਤੇ ਪ੍ਰਿੰਸੀਪਲ ਦੋਵੇਂ ਜ਼ਿੰਮੇਵਾਰ ਹੋਣਗੇ।
- ਵਿਜ਼ਿਟ ਸਮੇਂ ਵਿਦਿਆਰਥੀ proper school uniform ਵਿੱਚ ਹੋਣ ਅਤੇ ਸਾਰਿਆਂ ਨੇ ਆਪਣੇ ਆਈ.ਡੀ. ਕਾਰਡ ਗਲੇ ਵਿੱਚ ਪਾਏ ਹੋਣ ਅਤੇ ਆਪਣੇ ਕੋਰਸ ਨਾਲ ਸਬੰਧਤ ਕਿਤਾਬ ਅਤੇ ਪੈਨ-ਕਾਪੀ ਨਾਲ ਲੈ ਕੇ ਜਾਣ ਤਾਂ ਜੋ ਜ਼ਰੂਰੀ ਗੱਲਾਂ ਨੋਟ ਕਰ ਸਕਣ।

ਪਰੰਤੂ ਜੀ...

- Industry Visits ਕਰਵਾਉਣ ਉਪਰੰਤ ਖਰਚੇ ਦਾ ਵਾਊਚਰ ਸਕੂਲਾਂ ਵਿੱਚ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵਗੀ ਅਤੇ ਸਕੂਲ ਪ੍ਰਿੰਸਿਪਲ ਵੱਲੋਂ ਖਰਚ ਕੀਤੀ ਗਈ ਰਕਮ ਦਾ ਵਰਤੋ ਸਰਟੀਫਿਕੇਟ ਸਬੰਧਤ ਜ਼ਿਲਾ ਸਿੱਖਿਆ ਦਫਤਰ ਰਾਹੀਂ ਸਮੱਗਰਾ ਦੇ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇਗਾ।

## 5.0 ਸਕੂਲਾਂ ਵਿੱਚ ਗੈਸਟ ਲੈਕਚਰ ਕਰਵਾਉਣ ਸਬੰਧੀ ਹਦਾਇਤਾਂ:-

- PM Shri ਸਕੂਲਾਂ ਵਿੱਚ 494 NSQF ਲੈਬਜ਼ ਵਿੱਚ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਹਰ ਸਕੂਲ ਵਿੱਚ ਇੱਕ ਤੋਂ ਤਿੰਨ ਵੱਖ-ਵੱਖ ਟਰੇਡਾਂ ਚੱਲ ਰਹੀਆਂ ਹਨ।
- NSQF ਅਧੀਨ ਪੜ੍ਹਦੇ ਵਿਦਿਆਰਥੀਆਂ ਨੂੰ ਬਾਹਰੋਂ ਗੈਸਟ ਫੈਕਲਟੀ/ਟ੍ਰੇਨਰ ਬੁਲਾ ਕੇ ਉਹਨਾਂ ਤੋਂ ਹਰ ਮਹੀਨੇ guest lecture ਪ੍ਰਤੀ ਜਮਾਤ ਪ੍ਰਤੀ ਲੈਕਚਰ ਕਰਵਾਉਣ ਦਾ ਉਪਬੰਧ ਹੈ, ਤਾਂ ਜੋ ਵਿਦਿਆਰਥੀਆਂ ਨੂੰ ਨਵੇਕਲੇ ਤਰੀਕੇ ਨਾਲ ਸਬੰਧਤ ਖੇਤਰ ਵਿੱਚ ਹੋ ਰਹੀਆਂ Innovations ਤੋਂ ਜਾਣੂ ਕਰਵਾਇਆ ਜਾ ਸਕੇ।
- ਗੈਸਟ ਫੈਕਲਟੀ ਦੇ ਮਾਣਭੱਤੇ ਸਬੰਧੀ ਹਦਾਇਤਾਂ ਹੇਠ ਦਿੱਤੇ ਅਨੁਸਾਰ ਹਨ:-
  - ਜੇਕਰ ਗੈਸਟ ਲੈਕਚਰਾਰ ਦੀ ਵਿੱਦਿਅਕ ਯੋਗਤਾ ਗ੍ਰੇਜੂਏਸ਼ਨ ਹੈ ਤਾਂ 300 ਰੁ: ਪ੍ਰਤੀ ਗੈਸਟ ਲੈਕਚਰ।
  - ਜੇਕਰ ਗੈਸਟ ਲੈਕਚਰ ਦੀ ਵਿੱਦਿਅਕ ਯੋਗਤਾ ਪੋਸਟ- ਗ੍ਰੇਜੂਏਸ਼ਨ ਹੈ ਤਾਂ 500 ਰੁ: ਪ੍ਰਤੀ ਗੈਸਟ ਲੈਕਚਰ।
  - ਜੇਕਰ ਕੋਈ Experienced Resource person ਹੈ ਜੋ ਕਿ ਪੜ੍ਹਿਆ ਲਿਖਿਆ ਨਹੀਂ ਵੀ ਹੈ ਪਰੰਤੂ ਸਬੰਧਤ ਟਰੇਡ ਵਿੱਚ 3 ਸਾਲ ਤੱਕ ਦਾ ਤਜਰਬਾ ਰੱਖਦਾ ਹੈ, ਤਾਂ 500 ਰੁ: ਪ੍ਰਤੀ ਗੈਸਟ ਲੈਕਚਰ। (MoE) ਦੀਆਂ ਹਦਾਇਤਾਂ ਅਨੁਸਾਰ Skilled Persons ਤੋਂ ਵੀ ਗੈਸਟ ਲੈਕਚਰ ਕਰਵਾਏ ਜਾ ਸਕਦੇ ਹਨ।
  - ਗੈਸਟ ਲੈਕਚਰਾਰ ਦੇ honorarium ਦੀ ਅਦਾਇਗੀ ਸਮੱਗਰ ਸਿੱਖਿਆ ਦੇ ਨਿਯਮਾਂ ਅਨੁਸਾਰ ਕੀਤੀ ਜਾਵੇ ।
  - ਸਕੂਲਾਂ ਵਿੱਚ ਵਾਊਚਰ ਮੈਨਟੇਨ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।

6.0 PM Shri ਸਕੂਲਾਂ ਵਿੱਚ ਉਕਤ ਗਤੀਵਿਧੀਆਂ ਤੁਰੰਤ ਲਾਗੂ ਕਰਵਾਉਣ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਗਤੀਵਿਧੀਆਂ ਕਰਵਾਉਣ ਲਈ ਇਸ ਪੱਤਰ ਵਿੱਚ ਦਰਜ ਹਦਾਇਤਾਂ ਸਬੰਧਤ ਸਕੂਲ ਮੁਖੀਆਂ ਨੂੰ ਭੇਜ ਦਿੱਤੀਆਂ ਜਾਣ। ਖਰਚ ਕੀਤੀ ਗਈ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਮਿਤੀ 05-12-2025 ਤੱਕ ਮੁੱਖ ਦਫਤਰ ਨੂੰ ਭੇਜਿਆ ਜਾਵੇ ਅਤੇ NSQF ਦੀ ਈ-ਮੇਲ ID<nsqfpunjab2024@gmail.com> ਤੇ ਵੀ ਸੂਚਿਤ ਕੀਤਾ ਜਾਵੇ।

7/11/25

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
SE
ਸਮੱਗਰ ਸਿੱਖਿਆ ਅਭਿਆਨ, ਪੰਜਾਬ।